# ਰਾਜ ਵਿਦਿਅਕ ਖ਼ੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜ਼ਿਲ, ਫ਼ੇਜ਼-8, ਐਸ.ਏ.ਐਸ.ਨਗਰ, ਮੋਹਾਲੀ

ਈਮੇਲ: directorscert@punjabeducation.gov.in, ਫ਼ੋਨ ਨੰ.: 0172-2212221


ਨੰ.: SCERT/Eng/SS/Punjab /2023/2023312544 ਮਿਤੀ: 08-11-2023

## ਵਿਭਾਗੀ ਸੂਚਨਾ

ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਵਿਭਾਗ ਦੇ ਵੱਖ-ਵੱਖ ਪ੍ਰੋਜੈਕਟਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਣ ਹਿੱਤ Academic Support Group ਬਣਾਇਆ ਜਾ ਰਿਹਾ ਹੈ। ਜਿਸ ਤਹਿਤ ਸਕੂਲ ਸਿੱਖਿਆ ਵਿਭਾਗ ਪੰਜਾਬ ਵਿੱਚ ਕੰਮ ਕਰਦੇ ਅਧਿਆਪਕਾਂ ਦੀ ਨਿਰੋਲ ਆਰਜੀ ਤੌਰ ਤੇ ਬਤੌਰ ਜ਼ਿਲ੍ਹਾ/ਬਲਾਕ ਰਿਸੋਰਸ ਕੋਆਰਡੀਨੇਟਰ ਕਾਰਜ ਕਰਨ ਹਿੱਤ ਪਾਰਦਰਸ਼ਕ ਤਰੀਕੇ ਨਾਲ ਚੋਣ ਕੀਤੀ ਜਾਣੀ ਹੈ। ਇਹ ਕੋਆਰਡੀਨੇਟਰ ਅਧਿਆਪਕ ਸਿੱਖਿਆ ਵਿਭਾਗ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਹਿੱਤ ਅਧਿਆਪਕ ਅਤੇ ਸਕੂਲਾਂ ਨੂੰ ਅਕਾਦਮਿਕ ਸਹਾਇਤਾ ਪ੍ਰਦਾਨ ਕਰਨਗੇ। ਜੋ ਅਧਿਆਪਕ ਬਤੌਰ ਰਿਸੋਰਸ ਕੋਆਰਡੀਨੇਟਰ ਕਾਰਜ ਕਰਨਾ ਚਾਹੁੰਦੇ ਹਨ, ਉਹ ਆਪਣੀ ਈ-ਪੰਜਾਬ ਆਈ.ਡੀ. ਰਾਹੀਂ ਲਾਗ ਇਨ ਕਰਕੇ, "ਪੰਜਾਬ ਮੈਂਟਰਸ਼ਿਪ 2023-2025" ਲਿੰਕ ਤੇ ਮਿਤੀ 16-11-2023 ਤੱਕ ਅਪਲਾਈ ਕਰ ਸਕਦੇ ਹਨ।

ਅਪਲਾਈ ਕਰਨ ਦੀ ਯੋਗਤਾ ਅਤੇ ਸ਼ਰਤਾਂ ਇਸ ਪ੍ਰਕਾਰ ਹਨ:

| Academic Support Group (Roles, Number of Positions, and Eligibility) | | | | | |
|---|---|---|---|---|---|
| **S. No** | **Level** | **Position** | **Number of Position** | **Total Position** | **Eligibility** |
| 1 | District Level | District Resource Coordinator | One in each district | 23 | Lecturer/Master cadre with at least 03 years experience in the Department of School Education. |
| 2 | District Level | Assistant District Resource Coordinator | One in each district | 23 | Master/Primary cadre with 03 years of experience in the Department of School Education with adequate knowledge of computer operations. |
| 3 | Block Level | Block Resource Coordinator (Upper Primary) | Two in each of the 228 educational blocks | 456 | Lecturer/Master cadre Level with at least 03 years experience in the Department of School Education. |
| 4 | Block Level | Block Resource Coordinator (Primary) | Two in each of the 228 educational blocks | 456 | CHT/HT/ ETT cadre with at least 03 years experience in the Department of School Education. |
| **Total** | | | | **958** | |

**1.0** ਅਰਜ਼ੀਆਂ ਦੀ ਪੜਤਾਲ ਕਰਨ ਉਪਰੰਤ ਯੋਗ ਪਾਏ ਗਏ ਉਮੀਦਵਾਰਾਂ ਦੀ ਹੇਠਾਂ ਦਿੱਤੀ ਸਾਰਣੀ ਅਨੁਸਾਰ ਬਣਦੇ ਅੰਕਾਂ (30 ਅੰਕ) ਅਤੇ ਇੰਟਰਵਿਊ (20 ਅੰਕ) ਦੇ ਅਧਾਰ ਤੇ ਕੁੱਲ 50 ਅੰਕਾਂ ਵਿੱਚੋਂ ਪ੍ਰਾਪਤ ਅੰਕਾਂ ਦੇ ਅਨੁਸਾਰ ਮੈਰਿਟ ਸੂਚੀ ਤਿਆਰ ਕੀਤੀ ਜਾਵੇਗੀ।

**2.0** ਇੰਟਰਵਿਊ ਪੰਜਾਬ ਰਾਜ ਦੀਆਂ ਯੂਨੀਵਰਸਿਟੀਆਂ ਵੱਲੋਂ ਸਥਾਪਿਤ ਕੀਤੇ ਗਏ ਪੈਨਲਾਂ ਦੁਆਰਾ ਕਰਵਾਈਆਂ ਜਾਣਗੀਆਂ।

**3.0** ਅੰਕਾਂ ਦਾ ਵੇਰਵਾ ਇਸ ਪ੍ਰਕਾਰ ਹੈ:

<table>
<tr><th>ਲੜੀ ਨੰ</th><th colspan="2">ਯੋਗਤਾ</th><th>ਅੰਕਾਂ ਦਾ ਵੇਰਵਾ</th><th>ਵੱਧ ਤੋਂ ਵੱਧ ਅੰਕ</th></tr>
<tr><td rowspan="2">1</td><td colspan="2">ਰਾਸ਼ਟਰੀ ਅਧਿਆਪਕ ਪੁਰਸਕਾਰ</td><td>07 ਅੰਕ</td><td rowspan="2">07 ਅੰਕ</td></tr>
<tr><td colspan="2">ਰਾਜ ਅਧਿਆਪਕ ਪੁਰਸਕਾਰ</td><td>05 ਅੰਕ</td></tr>
<tr><td>2</td><td colspan="2">ਸਲਾਨਾ ਗੁਪਤ ਰਿਪੋਰਟਾਂ:<br>ਸੈਸਨ 2020-2021<br>ਸੈਸਨ 2021- 2022,<br>ਸੈਸਨ 2022- 2023</td><td>5 ਅੰਕ<br>5 ਅੰਕ<br>5 ਅੰਕ</td><td>15 ਅੰਕ</td></tr>
<tr><td>3</td><td colspan="2">ਕੰਪਿਊਟਰ ਕੋਰਸ (ਘੱਟੋ-ਘੱਟ 3 ਮਹੀਨੇ)</td><td>03 ਅੰਕ</td><td>03 ਅੰਕ</td></tr>
<tr><td rowspan="4">4</td><td>ਪ੍ਰਾਇਮਰੀ</td><td>ਅੱਪਰ ਪ੍ਰਾਇਮਰੀ</td><td></td><td rowspan="4">05 ਅੰਕ</td></tr>
<tr><td>B.Ed</td><td>M.Ed,</td><td>02 ਅੰਕ,</td></tr>
<tr><td>M.A./M.Ed</td><td>M.Phill</td><td>03 ਅੰਕ</td></tr>
<tr><td>M.Phil /PhD</td><td>PhD</td><td>05 ਅੰਕ</td></tr>
<tr><td>5</td><td colspan="2">ਇੰਟਰਵਿਊ</td><td>20 ਅੰਕ</td><td>20 ਅੰਕ</td></tr>
<tr><td colspan="4">ਕੁੱਲ ਅੰਕ</td><td>50 ਅੰਕ</td></tr>
</table>

***ਨੋਟ :***

**1.0** ਉਮੀਦਵਾਰ ਸਿਰਫ ਆਪਣੇ ਤੈਨਾਤੀ ਵਾਲੇ ਜ਼ਿਲ੍ਹੇ ਲਈ ਹੀ ਅਪਲਾਈ ਕਰ ਸਕਦਾ ਹੈ। ਅੰਤਰ ਜ਼ਿਲ੍ਹਾ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।

**2.0** ਅਪਲਾਈ ਕਰਨ ਵਾਲੇ ਅਧਿਆਪਕ ਦਾ ਪਰਖ ਸਮਾਂ ਪਾਰ ਹੋਣਾ ਚਾਹੀਦਾ ਹੈ।

**3.0** ਬਿਨੈਕਾਰ ਵਿਰੁੱਧ ਕੋਈ ਵੀ ਵਿਭਾਗੀ ਪੜਤਾਲ ਜਾਂ ਕਾਨੂੰਨੀ ਕਾਰਵਾਈ ਪੈਡਿੰਗ ਨਹੀਂ ਹੋਣੀ ਚਾਹੀਦੀ।

**4.0** ਬਲਾਕ ਰਿਸੋਰਸ ਕੋਆਰਡੀਨੇਟਰ (ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ) ਨੂੰ ਮੈਰਿਟ ਦੇ ਅਧਾਰ ਤੇ ਹੀ ਬਲਾਕ ਦੀ ਵੰਡ ਕੀਤੀ ਜਾਵੇਗੀ।

**5.0** ਇੰਟਰਵਿਊ ਸਮੇਂ ਲੋੜੀਂਦੇ ਦਸਤਾਵੇਜ ਇਸ ਪ੍ਰਕਾਰ ਹਨ:

**1)** ਜਿਲ੍ਹਾ ਸਿੱਖਿਆ ਅਫਸਰ ਪਾਸੋਂ ਪ੍ਰਤੀ ਹਸਤਾਖਰ ਕੀਤਾ ਹੋਇਆ, ਕੋਈ ਵੀ ਵਿਭਾਗੀ ਪੜਤਾਲ ਜਾਂ ਕਾਨੂੰਨੀ ਕਾਰਵਾਈ ਪੈਡਿੰਗ ਨਾ ਹੋਣ ਦਾ ਸਰਟੀਫਿਕੇਟ।

**2)** ਪਰਖ ਸਮਾਂ ਪਾਰ ਹੋਣ ਸਬੰਧੀ ਸਰਟੀਫਿਕੇਟ।

**3)** ਸਲਾਨਾ ਗੁਪਤ ਰਿਪੋਰਟਾਂ ਦੀਆਂ ਸਬੰਧਤ ਬੀ.ਐਨ.ਓ./ਬੀ.ਪੀ.ਈ.ਓ. ਵਲੋਂ ਤਸਦੀਕ ਸ਼ੁਦਾ ਕਾਪੀਆਂ।

**4)** ਰਾਸ਼ਟਰੀ/ਰਾਜ ਅਧਿਆਪਕ ਪੁਰਸਕਾਰ, ਵਾਧੂ ਵਿੱਦਿਅਕ ਯੋਗਤਾ ਅਤੇ ਕੰਪਿਊਟਰ ਕੋਰਸ (ਜੇਕਰ ਕੋਈ ਹੈ) ਦੇ ਅਸਲ ਸਰਟੀਫਿਕੇਟ।

(ਡਾ. ਸ਼ੰਕਰ ਚੌਧਰੀ)
ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ,ਪੰਜਾਬ